ਬੰਦੀ ਛੋੜ ਦਿਵਸ ਬੰਦੀ ਛੋੜ ਦਿਵਸ ਦੀਆਂ ਮੁਬਾਰਕਾਂ

ਲੰਗਰ ਤੋਂ ਬਰਬਾਦੀ ਨੂੰ ਘਟਾਉਣ ਦੇ ਮੁੱਖ ਸੁਝਾਅ

ਟਿਕਾਊ ਰਹਿਣਾ ਅਤੇ ਵਾਤਾਵਰਣ ਦੀ ਮਦਦ ਕਰਨਾ ਤੁਹਾਡੀ ਸੋਚ ਨਾਲੋਂ ਕਿਤੇ ਜ਼ਿਆਦਾ ਸੁਖਾਲਾ ਹੈ। ਲੰਗਰ ਵਿੱਚ ਇੱਕ ਵਧੇਰੇ ਜਾਗਰੂਕ ਚੋਣ ਕਰੋ, ਅਤੇ ਇਹਨਾਂ ਸਧਾਰਨ ਸੁਝਾਵਾਂ ਦੀ ਪਾਲਣਾ ਕਰੋ:

1. ਜਿੱਥੇ ਹੋ ਸਕੇ ਬੇਲੋੜੀ ਖਪਤ ਤੋਂ ਬਚੋ, ਉਸਤੋਂ ਬਾਅਦ ਵਰਤੋਂ ਨੂੰ ਘਟਾਓ, ਫਿਰ ਜੋ ਤੁਹਾਡੇ ਕੋਲ ਹੈ ਉਸਦੀ ਮੁੜ ਵਰਤੋਂ ਕਰੋ। ਸਿਰਫ਼ ਆਖਰੀ ਉਪਾਅ ਵਜੋਂ ਹੀ ਰੀਸਾਈਕਲ ਕਰੋ।

2. ਡਿਸਪੋਜ਼ੇਬਲ ਕਟਲਰੀ, ਪਲੇਟਾਂ ਅਤੇ ਕਟੋਰੀਆਂ ਆਦਿ ਵਰਤਣ ਤੋਂ ਬਚੋ। ਇਸਦੀ ਬਜਾਏ, ਥਾਲੀਆਂ ਦੀ ਵਰਤੋਂ ਕਰੋ ਜਿਹਨਾਂ ਨੂੰ ਧੋ ਕੇ ਮੁੜ ਵਰਤਿਆ ਜਾ ਸਕਦਾ ਹੈ।

3. ਭੋਜਨ ਦੀ ਬਰਬਾਦੀ ਤੋਂ ਬਚਣ ਲਈ ਸਿਰਫ਼ ਉਹੀ ਭੋਜਨ ਖਰੀਦੋ ਜੋ ਤੁਸੀਂ ਖਾਣਾ ਚਾਹੁੰਦੇ ਹੋ।

4. ਗੁਰਦੁਆਰੇ ਨੂੰ ਭੋਜਨ ਦਾਨ ਕਰਦੇ ਸਮੇਂ ਬਰਬਾਦੀ ਨੂੰ ਘਟਾਉਣ ਲਈ, ਅਜਿਹੀਆਂ ਚੀਜ਼ਾਂ ਦਾਨ ਕਰੋ ਜੋ ਲੰਬੇ ਸਮੇਂ ਤਕ ਪਈਆਂ ਰਹਿ ਸਕਦੀਆਂ ਹਨ। ਪੈਕੇਜਿੰਗ ਦੀ ਬਰਬਾਦੀ ਨੂੰ ਘਟਾਉਣ ਲਈ ਵੱਡੀ ਮਾਤਰਾ ਵਿੱਚ ਪੈਕ ਕੀਤਾ ਹੋਇਆ ਭੋਜਨ ਦਿਓ।

ਲੰਗਰ ਤੋਂ ਬਰਬਾਦੀ ਦਾ ਬੰਦੋਬਸਤ ਕਿਵੇਂ ਕਰੀਏ

- ✓ ਕੂੜੇ ਦੀਆਂ ਵੱਖੋ-ਵੱਖਰੀਆਂ ਕਿਸਮਾਂ ਉਦਾਹਰਣ ਲਈ ਬਰਬਾਦ ਹੋਇਆ ਭੋਜਨ, ਟਿਨ ਦੇ ਡੱਬੇ, ਦੁੱਧ ਦੀਆਂ ਬੋਤਲਾਂ ਦਾ ਬੰਦੋਬਸਤ ਕਰਨ ਲਈ ਗੁਰਦੁਆਰੇ ਵਿੱਚ ਰੀਸਾਈਕਲ ਕਰਨ ਦੀ ਇੱਕ ਪ੍ਰਣਾਲੀ ਸਥਾਪਤ ਕਰੋ। ਹੋਰ ਜਾਣਕਾਰੀ ਇੱਥੇ ਲਓ **https://www.recyclenow.com**
- ✓ ਨਾ-ਟਾਲਣਯੋਗ ਬਰਬਾਦ ਹੋਏ ਭੋਜਨ ਨੂੰ, ਬਰਬਾਦ ਹੋਏ ਭੋਜਨ ਦੇ ਭੰਡਾਰ ਵਿੱਚ ਰੱਖੇ ਤਾਂ ਜੋ ਕੰਪੋਸਟ ਜਾਂ ਊਰਜਾ ਪੈਦਾ ਕਰਨ ਵਿੱਚ ਮਦਦ ਮਿਲ ਸਕੇ। ਬਰਬਾਦ ਹੋਇਆ ਭੋਜਨ ਕਚਰੇ ਦੀ ਭਰਾਈ ਵਾਲੀ ਥਾਂ ਨਹੀਂ ਜਾਣਾ ਚਾਹੀਦਾ, ਜਿੱਥੇ ਇਸਤੋਂ ਗ੍ਰੀਨਹਾਊਸ ਗੈਸ ਨਿਕਲ ਸਕਦੀ ਹੈ। ਇੱਥੇ ਦੇਖੋ ਕਿ ਕੀ ਤੁਹਾਡੇ ਕੋਲ ਬਰਬਾਦ ਹੋਏ ਭੋਜਨ ਲਈ ਕੋਈ ਸਥਾਨਕ ਭੰਡਾਰ ਹੈ **https://www.recyclenow.com**
- ✓ ਯਾਦ ਰੱਖੋ ਕਿ ਆਪਣੇ ਕੂੜੇ ਨੂੰ ਹਰ ਸੰਭਵ ਤਰੀਕੇ ਨਾਲ ਘਟਾਉਣਾ ਹਮੇਸ਼ਾ ਸਭ ਤੋਂ ਵਧੀਆ ਹੁੰਦਾ ਹੈ।

- ✗ ਪਲਾਸਟਿਕ ਦੀ ਕਟਲਰੀ ਨਾ ਵਰਤੋ। ਇਸਦੇ ਛੋਟੇ ਆਕਾਰ ਕਰਕੇ ਇਸਨੂੰ ਰੀਸਾਈਕਲ ਕੀਤੇ ਜਾਣ ਦੀ ਸੰਭਾਵਨਾ ਨਹੀਂ ਹੁੰਦੀ।
- ✗ ਜੇ ਡਿਸਪੋਜ਼ੇਬਲ ਪਲੇਟਾਂ ਭੋਜਨ ਨਾਲ ਗੰਦੀਆਂ ਹੋ ਗਈਆਂ ਹਨ, ਤਾਂ ਇਹਨਾਂ ਨੂੰ ਰੀਸਾਈਕਲ ਨਹੀਂ ਕੀਤਾ ਜਾਣਾ ਚਾਹੀਦਾ ਬਸ਼ਰਤੇ ਉਹਨਾਂ ਨੂੰ ਪੂੰਝ ਕੇ ਸਾਫ਼ ਕੀਤਾ ਗਿਆ ਹੋਵੇ, ਕਿਉਂਕਿ ਉਹ ਦੂਜੀਆਂ ਰੀਸਾਈਕਲਯੋਗ ਚੀਜ਼ਾਂ ਨੂੰ ਗੰਦਾ ਕਰ ਸਕਦੀਆਂ ਹਨ।
- ✗ ਪੌਲੀਸਟਾਇਰੀਨ ਦੇ ਡਿਸਪੋਜ਼ੇਬਲ ਭੋਜਨ ਕੰਟੇਨਰਾਂ ਨੂੰ ਯੂਕੇ ਵਿੱਚ ਆਮ ਤੌਰ 'ਤੇ ਰੀਸਾਈਕਲ ਨਹੀਂ ਕੀਤਾ ਜਾਂਦਾ।
- ✗ ਕੰਪੋਸਟ ਬਣਾਉਣਯੋਗ ਪਲਾਸਟਿਕਾਂ ਨੂੰ ਦੂਜੇ ਪਲਾਸਟਿਕਾਂ ਦੇ ਨਾਲ ਰੀਸਾਈਕਲ ਨਹੀਂ ਕੀਤਾ ਜਾ ਸਕਦਾ। ਉਹਨਾਂ ਨੂੰ ਪਲਾਸਟਿਕ ਦੀ ਰੀਸਾਈਕਲਿੰਗ ਵਿੱਚ ਨਹੀਂ ਜਾਣਾ ਚਾਹੀਦਾ ਕਿਉਂਕਿ ਉਹ ਇਸ ਨੂੰ ਦੂਸ਼ਿਤ ਕਰ ਦੇਣਗੇ। ਜੇ ਉਹਨਾਂ ਨੂੰ ਘਰੇਲੂ ਕੰਪੋਸਟ ਬਣਾਉਣਯੋਗ ਵਜੋਂ ਲੇਬਲ ਕੀਤਾ ਹੋਵੇ ਤਾਂ ਉਹ ਤੁਹਾਡੇ ਕੰਪੋਸਟ ਦੇ ਢੇਰ ਵਿੱਚ ਜਾ ਸਕਦੇ ਹਨ। ਜਾਂ ਆਪਣੀ ਸਥਾਨਕ ਅਥਾਰਟੀ ਨੂੰ ਪੁੱਛੋ ਕਿ ਉਦਯੋਗਿਕ ਰੂਪ ਵਿੱਚ ਕੰਪੋਸਟ ਬਣਾਉਣਯੋਗ ਪਲਾਸਟਿਕਾਂ ਦਾ ਕੀ ਕਰਨਾ ਹੈ। ਹੋਰ ਜਾਣਕਾਰੀ ਇੱਥੇ ਲਓ **https://www.recyclenow.com**
- ✗ ਖਾਣਾ ਬਣਾਉਣ ਵਾਲਾ ਤੇਲ ਸਿੰਕ ਵਿੱਚ ਨਾ ਡੋਲ੍ਹੋ, ਇਹ ਰੁਕਾਵਟਾਂ ਪੈਦਾ ਕਰ ਸਕਦਾ ਹੈ। ਇਸਨੂੰ ਆਪਣੇ ਬਰਬਾਦ ਹੋਏ ਭੋਜਨ ਦੀ ਰੀਸਾਈਕਲਿੰਗ ਵਿੱਚ ਰੱਖੋ ਜਾਂ ਕਿਸੇ ਸੀਲਬੰਦ ਕੰਟੇਨਰ ਵਿੱਚ ਆਮ ਕੂੜੇ ਵਿੱਚ ਰੱਖੋ।

ਕੀ ਤੁਹਾਨੂੰ ਪਤਾ ਸੀ?
ਯੂਕੇ ਸਾਲ ਵਿੱਚ ਲਗਭਗ 9.5 ਮਿਲੀਅਨ ਟਨ ਭੋਜਨ ਸੁੱਟਦਾ ਹੈ, ਜਿਸ ਵਿੱਚੋਂ 70% ਖਾਧਾ ਜਾ ਸਕਦਾ ਸੀ। ਇਸ ਨਾਲ ਪੂਰੇ ਦੇਸ਼ ਨੂੰ 11 ਹਫ਼ਤਿਆਂ ਲਈ ਦਿਨ ਵਿੱਚ 3 ਵਾਰ ਭੋਜਨ ਕਰਾਇਆ ਜਾ ਸਕਦਾ ਸੀ।

Environment Agency
EcoSikh UK
Interreg France (Channel Manche) England
European Regional Development Fund
PREVENTING PLASTIC POLLUTION

ਅਸੀਂ ਜਿਹਨਾਂ ਵਿਭਿੰਨ ਭਾਈਚਾਰਿਆਂ ਦੀ ਸੇਵਾ ਕਰਦੇ ਹਾਂ ਉਹਨਾਂ ਨੂੰ ਦਰਸਾਉਣ ਵਾਲੀਆਂ ਸੰਮਿਲਿਤ ਸਮੱਗਰੀਆਂ ਦੀ ਇੱਕ ਲੜੀ ਦੇ ਹਿੱਸੇ ਵਜੋਂ, ਇਹ ਪ੍ਰਚਾਰ ਸਮੱਗਰੀ ਵਾਤਾਵਰਣ ਏਜੰਸੀ (Environment Agency) ਦੁਆਰਾ ਆਪਣੀ ਅੰਦਰੂਨੀ ਸਿੱਖ ਫੈਲੋਸ਼ਿਪ (Sikh Fellowship) ਅਤੇ ਈਕੋਸਿੱਖ ਯੂਕੇ (EcoSikh UK) ਦੇ ਨਾਲ, ਇੰਟਰਰੀਜ਼ ਪ੍ਰੀਵੈਂਟਿੰਗ ਪਲਾਸਟਿਕ ਪਲਿਊਸ਼ਨ (Interreg Preventing Plastic Pollution) ਪ੍ਰੋਗਰਾਮ ਲਈ ਤਿਆਰ ਕੀਤੀ ਗਈ ਹੈ।

ਬੰਦੀ ਛੋੜ ਦਿਵਸ ਬੰਦੀ ਛੋੜ ਦਿਵਸ ਦੀਆਂ ਮੁਬਾਰਕਾਂ

ਮੋਮਬੱਤੀਆਂ ਅਤੇ ਸਜਾਵਟਾਂ ਦੇ ਕੂੜੇ ਨੂੰ ਘਟਾਉਣ ਲਈ ਮੁੱਖ ਸੁਝਾਅ

ਟਿਕਾਊ ਰਹਿਣਾ ਅਤੇ ਵਾਤਾਵਰਣ ਦੀ ਮਦਦ ਕਰਨਾ ਤੁਹਾਡੀ ਸੋਚ ਨਾਲੋਂ ਕਿਤੇ ਜ਼ਿਆਦਾ ਸੁਖਾਲਾ ਹੈ। ਇਹਨਾਂ ਸਧਾਰਨ ਸੁਝਾਵਾਂ ਦੀ ਪਾਲਣਾ ਕਰਦੇ ਹੋਏ, ਆਪਣੇ ਜਸ਼ਨਾਂ ਵਿੱਚ ਇੱਕ ਵਧੇਰੇ ਜਾਗਰੂਕ ਚੋਣ ਕਰੋ:

1. ਸਿਰਫ਼ ਉਹੀ ਸਜਾਵਟਾਂ ਖਰੀਦੋ ਜਿਹਨਾਂ ਦੀ ਤੁਹਾਨੂੰ ਲੋੜ ਹੈ, ਅਤੇ ਟਿਕਾਊ ਸਜਾਵਟਾਂ ਚੁਣੋ ਜਿਹਨਾਂ ਨੂੰ ਸਾਲਾਂਬੱਧੀ ਮੁੜ ਵਰਤਿਆ ਜਾ ਸਕਦਾ ਹੈ। ਆਖਰੀ ਉਪਾਅ ਵਜੋਂ ਹੀ ਰੀਸਾਈਕਲ ਕਰੋ।

2. ਰਵਾਇਤੀ ਦੀਵਿਆਂ ਨੂੰ ਸਾਲਾਂਬੱਧੀ ਮੁੜ ਵਰਤਿਆ ਜਾ ਸਕਦਾ ਹੈ। ਆਪਣੇ ਦੀਵਿਆਂ ਵਿੱਚ ਓਨਾ ਹੀ ਤੇਲ ਵਰਤੋ ਜਿੰਨੀ ਤੁਹਾਨੂੰ ਲੋੜ ਹੈ।

3. ਨਵੀਆਂ ਮੋਮਬੱਤੀਆਂ ਖਰੀਦਣ ਤੋਂ ਪਹਿਲਾਂ, ਇਹ ਜਾਂਚ ਕਰ ਲਓ ਕਿ ਕੀ ਤੁਹਾਡੀਆਂ ਪੁਰਾਣੀਆਂ ਮੋਮਬੱਤੀਆਂ ਨੂੰ ਸੁਰੱਖਿਅਤ ਢੰਗ ਨਾਲ ਮੁੜ ਵਰਤਿਆ ਜਾ ਸਕਦਾ ਹੈ।

4. ਜਿੱਥੇ ਹੋ ਸਕੇ ਮੁੱਖ ਪਾਵਰ ਜਾਂ ਰੀਚਾਰਜ ਹੋਣ ਯੋਗ ਬੈਟਰੀਆਂ ਦੀ ਵਰਤੋਂ ਕਰੋ, ਅਤੇ ਚਾਰਜ ਕਰਨ ਲਈ ਨਵਿਆਉਣਯੋਗ ਊਰਜਾ ਦੀ ਵਰਤੋਂ ਕਰੋ, ਜਿਵੇਂ ਕਿ ਸੋਲਰ ਪਾਵਰ।

5. ਰੀਸਾਈਕਲ ਹੋਣ ਯੋਗ ਸਮੱਗਰੀਆਂ ਜਿਵੇਂ ਕਿ ਕਾਗਜ਼ ਜਾਂ ਕਾਰਡ ਦੀ ਵਰਤੋਂ ਕਰਕੇ ਆਪਣੀਆਂ ਖੁਦ ਦੀਆਂ ਸਜਾਵਟਾਂ ਬਣਾਓ। ਬੱਚਿਆਂ ਨਾਲ ਨਮਕ ਵਾਲੇ ਆਟੇ ਦੇ ਮੋਮਬੱਤੀ ਹੋਲਡਰ ਬਣਾਉਣ ਦੀ ਕੋਸ਼ਿਸ਼ ਕਿਉਂ ਨਾ ਕੀਤੀ ਜਾਵੇ?

6. ਚਮਕ (ਗਲਿਟਰ) ਦੀ ਵਰਤੋਂ ਕਰਨ ਤੋਂ ਪਰਹੇਜ਼ ਕਰੋ, ਇਸਨੂੰ ਰੀਸਾਈਕਲ ਨਹੀਂ ਕੀਤਾ ਜਾ ਸਕਦਾ ਅਤੇ ਵਾਤਾਵਰਣ ਵਿੱਚ ਅਸਾਨੀ ਨਾਲ ਦਾਖਲ ਹੋ ਸਕਦੀ ਹੈ।

ਸਜਾਵਟਾਂ ਨੂੰ ਕਿਵੇਂ ਰੀਸਾਈਕਲ ਕਰੀਏ

ਬੈਟਰੀ ਨਾਲ ਚੱਲਣ ਵਾਲੀਆਂ ਮੋਮਬੱਤੀਆਂ

ਹਮੇਸ਼ਾਂ ਆਪਣੀਆਂ ਬੈਟਰੀਆਂ ਨੂੰ ਕਿਸੇ ਰੀਸਾਈਕਲਿੰਗ ਸੈਂਟਰ ਜਾਂ ਸੰਗ੍ਰਹਿ ਬਿੰਦੂ 'ਤੇ ਲੈ ਜਾਓ। **https://www.recyclenow.com** 'ਤੇ ਪਤਾ ਕਰੋ ਕਿ ਕੀ ਬੈਟਰੀਆਂ ਤੁਹਾਡੇ ਘਰ ਦੀ ਰੀਸਾਈਕਲਿੰਗ ਵਿੱਚ ਜਾ ਸਕਦੀਆਂ ਹਨ

ਕੁਝ ਸਥਾਨਕ ਅਥਾਰਟੀਆਂ ਘਰੇਲੂ ਰੀਸਾਈਕਲਿੰਗ ਵਿੱਚ ਬਿਜਲੀ ਦੀਆਂ ਛੋਟੀਆਂ ਚੀਜ਼ਾਂ ਨੂੰ ਸਵੀਕਾਰ ਕਰਦੀਆਂ ਹਨ, ਨਹੀਂ ਤਾਂ ਉਹਨਾਂ ਨੂੰ ਕਿਸੇ ਰੀਸਾਈਕਲਿੰਗ ਸੈਂਟਰ ਵਿਖੇ ਲੈ ਜਾਓ। ਆਪਣਾ ਸਭ ਤੋਂ ਨੇੜਲਾ ਰੀਸਾਈਕਲਿੰਗ ਸੈਂਟਰ ਇੱਥੇ ਲੱਭੋ **https://www.recyclenow.com**

ਮਿੱਟੀ ਦੇ ਬਰਤਨ

ਤੁਹਾਨੂੰ ਇਸ ਬਾਰੇ ਜਾਣਕਾਰੀ ਹੋਣੀ ਯਕੀਨੀ ਬਣਾਓ ਕਿ ਤੁਸੀਂ ਜਿਸ ਤੇਲ ਨੂੰ ਸਾੜ ਰਹੇ ਹੋ ਉਹ ਕਿਸ ਤੋਂ ਬਣਿਆ ਹੋਇਆ ਹੈ ਤਾਂ ਜੋ ਕਿਸੇ ਵੀ ਤਰ੍ਹਾਂ ਦੇ ਕੂੜੇ ਦਾ ਸਹੀ ਤਰੀਕੇ ਨਾਲ ਨਿਪਟਾਰਾ ਕੀਤਾ ਜਾ ਸਕੇ। ਤੇਲ ਦਾ ਸਹੀ ਢੰਗ ਨਾਲ ਨਿਪਟਾਰਾ ਕਰਨ ਦੇ ਤਰੀਕੇ ਬਾਰੇ ਪਤਾ ਲਗਾਉਣ ਲਈ **https://www.recyclenow.com** 'ਤੇ ਜਾਓ।

ਹੋਰ ਸਮੱਗਰੀਆਂ

ਕਾਗਜ਼ ਅਤੇ ਕਾਰਡ ਨੂੰ ਰੀਸਾਈਕਲ ਕਰਨ ਤੋਂ ਪਹਿਲਾਂ, ਰਿਬਨ, ਗਲਿਟਰ ਲੱਗੀਆਂ ਚੀਜ਼ਾਂ ਜਾਂ ਹੋਰ ਸਮੱਗਰੀਆਂ ਨੂੰ ਹਟਾ ਦਿਓ ਜਿਹਨਾਂ ਨੂੰ ਰੀਸਾਈਕਲਿੰਗ ਨੂੰ ਦੂਸ਼ਿਤ ਹੋਣ ਤੋਂ ਬਚਾਉਣ ਲਈ ਰੀਸਾਈਕਲ ਨਹੀਂ ਕੀਤਾ ਜਾ ਸਕਦਾ।

ਕੀ ਤੁਹਾਨੂੰ ਪਤਾ ਸੀ?
ਰੀਸਾਈਕਲ ਕੀਤੇ ਹਰੇਕ ਟਨ ਕਾਗਜ਼ ਨਾਲ 17 ਦਰੱਖਤਾਂ, 7,000 ਗੈਲਨ ਪਾਣੀ, ਅਤੇ ਛੇ ਮਹੀਨਿਆਂ ਲਈ ਔਸਤ ਘਰ ਨੂੰ ਗਰਮ ਕਰਨ ਲਈ ਲੋੜੀਂਦੀ ਊਰਜਾ ਨੂੰ ਬਚਾਇਆ ਜਾ ਸਕਦਾ ਹੈ।

Environment Agency
EcoSikh UK
Interreg France (Channel Manche) England
European Regional Development Fund
PREVENTING PLASTIC POLLUTION

ਅਸੀਂ ਜਿਹਨਾਂ ਵਿਭਿੰਨ ਭਾਈਚਾਰਿਆਂ ਦੀ ਸੇਵਾ ਕਰਦੇ ਹਾਂ ਉਹਨਾਂ ਨੂੰ ਦਰਸਾਉਣ ਵਾਲੀਆਂ ਸੰਮਿਲਿਤ ਸਮੱਗਰੀਆਂ ਦੀ ਇੱਕ ਲੜੀ ਦੇ ਹਿੱਸੇ ਵਜੋਂ, ਇਹ ਪ੍ਰਚਾਰ ਸਮੱਗਰੀ ਵਾਤਾਵਰਣ ਏਜੰਸੀ (Environment Agency) ਦੁਆਰਾ ਆਪਣੀ ਅੰਦਰੂਨੀ ਸਿੱਖ ਫੈਲੋਸ਼ਿਪ (Sikh Fellowship) ਅਤੇ ਈਕੋਸਿੱਖ ਯੂਕੇ (EcoSikh UK) ਦੇ ਨਾਲ, ਇੰਟਰਰੀਜ਼ ਪ੍ਰੀਵੈਂਟਿੰਗ ਪਲਾਸਟਿਕ ਪਲਿਊਸ਼ਨ (Interreg Preventing Plastic Pollution) ਪ੍ਰੋਗਰਾਮ ਲਈ ਤਿਆਰ ਕੀਤੀ ਗਈ ਹੈ।

ਬੰਦੀ ਛੋੜ ਦਿਵਸ ਬੰਦੀ ਛੋੜ ਦਿਵਸ ਦੀਆਂ ਮੁਬਾਰਕਾਂ

ਆਤਿਸ਼ਬਾਜ਼ੀ ਤੋਂ ਹੋਣ ਵਾਲੇ ਪਲਾਸਟਿਕ ਪ੍ਰਦੂਸ਼ਣ ਨੂੰ ਘਟਾਉਣ ਲਈ ਮੁੱਖ ਸੁਝਾਅ

ਟਿਕਾਊ ਰਹਿਣਾ ਅਤੇ ਵਾਤਾਵਰਣ ਦੀ ਮਦਦ ਕਰਨਾ ਤੁਹਾਡੀ ਸੋਚ ਨਾਲੋਂ ਕਿਤੇ ਜ਼ਿਆਦਾ ਸੁਖਾਲਾ ਹੈ। ਆਤਿਸ਼ਬਾਜ਼ੀ ਬਾਰੇ ਇੱਕ ਵਧੇਰੇ ਜਾਗਰੂਕ ਚੋਣ ਕਰੋ, ਅਤੇ ਇਹਨਾਂ ਸਧਾਰਨ ਸੁਝਾਵਾਂ ਦੀ ਪਾਲਣਾ ਕਰੋ:

1. ਆਪਣੇ ਖੁਦ ਦੇ ਪੈਸੇ ਖਰਚ ਕਰਨ ਦੀ ਬਜਾਏ ਕਿਸੇ ਪੇਸ਼ੇਵਰ ਪ੍ਰਦਰਸ਼ਨੀ 'ਤੇ ਜਾਓ। ਉਦਯੋਗ ਨੇ ਜ਼ਿਆਦਾਤਰ ਪੇਸ਼ੇਵਰ ਪ੍ਰਦਰਸ਼ਨਾਂ ਵਿੱਚ ਪਲਾਸਟਿਕ ਦੀ ਮਾਤਰਾ ਨੂੰ ਘਟਾ ਦਿੱਤਾ ਹੈ। ਇਸਤੋਂ ਇਲਾਵਾ, ਇਹ ਵਧੇਰੇ ਸੁਰੱਖਿਅਤ ਹੈ!

2. ਜੇ ਤੁਸੀਂ ਆਪਣਾ ਖੁਦ ਦਾ ਵੱਡਾ ਪ੍ਰੋਗਰਾਮ ਆਯੋਜਤ ਕਰ ਰਹੇ ਹੋ, ਤਾਂ ਆਪਣੇ ਫਾਇਰਵਰਕ ਸਪਲਾਇਰ ਨੂੰ ਕਹੋ ਕਿ ਉਹ ਕਿਸੇ ਵੀ ਪਲਾਸਟਿਕ ਸਮੱਗਰੀ ਨੂੰ ਘੱਟ ਤੋਂ ਘੱਟ ਰੱਖੇ। ਵਧੇਰੇ ਸਲਾਹ ਲਈ, ਇੱਥੇ ਜਾਓ **https://www.gov.uk/government/publications/celebrating-bonfire-night**

3. ਆਪਣੇ ਸਥਾਨਕ ਇਲਾਕੇ ਤੋਂ ਆਤਿਸ਼ਬਾਜ਼ੀ ਜਾਂ ਹੋਰ ਪਲਾਸਟਿਕ ਦੇ ਕਿਸੇ ਵੀ ਕਚਰੇ ਨੂੰ ਇਕੱਠਾ ਕਰਨ ਲਈ ਕੂੜਾ ਚੁੱਕਣ ਵਾਲਿਆਂ ਦੀ ਇੱਕ ਟੀਮ ਦਾ ਪ੍ਰਬੰਧ ਕਰੋ। ਆਪਣੀ ਭੂਮਿਕਾ ਨਿਭਾਓ।

ਆਤਿਸ਼ਬਾਜ਼ੀ ਦੇ ਸ਼ਾਨਦਾਰ ਵਿਕਲਪ

ਭਾਈਚਾਰੇ ਵਿੱਚ ਇੱਕ ਰੰਗਾਰੰਗ ਆਊਟਡੋਰ ਪ੍ਰੋਗਰਾਮ ਲਈ, ਇੱਕ ਲੇਜ਼ਰ ਜਾਂ ਲਾਈਟ ਪ੍ਰੋਜੈਕਸ਼ਨ ਸ਼ੋਅ ਦਾ ਯਤਨ ਕਰੋ ਜਾਂ ਹਰ ਕਿਸੇ ਨੂੰ ਕਲਾ ਦੀ ਕਿਸੇ ਵੱਡੀ ਰਚਨਾ ਵਿੱਚ ਯੋਗਦਾਨ ਪਾਉਣ ਲਈ ਸੱਦਾ ਦਿਓ ਜਿਵੇਂ ਕਿ ਕੈਨਵਸ ਉੱਪਰ ਇੱਕ ਕੰਧ-ਚਿੱਤਰ।

ਅਸਮਾਨੀ ਲਾਲਟੇਨਾਂ ਦੀ ਵਰਤੋਂ ਨਾ ਕਰੋ। ਇਹ ਵੀ ਕੂੜੇ ਦਾ ਕਾਰਨ ਬਣ ਸਕਦੀਆਂ ਹਨ, ਅੱਗ ਦਾ ਜੋਖਮ ਪੈਦਾ ਕਰਦੀਆਂ ਹਨ ਅਤੇ ਜਾਨਵਰਾਂ ਲਈ ਖਤਰਨਾਕ ਹਨ।

ਆਪਣੀ, ਆਪਣੇ ਪਰਿਵਾਰ, ਜਾਨਵਰਾਂ ਅਤੇ ਵਾਤਾਵਰਣ ਦੀ ਰੱਖਿਆ ਕਰਨ ਲਈ ਸਿਹਤ ਅਤੇ ਸੁਰੱਖਿਆ ਸਬੰਧੀ ਸਾਰੀ ਸਲਾਹ ਦਾ ਪਾਲਣ ਕਰੋ। ਵਧੇਰੀ ਜਾਣਕਾਰੀ ਲਈ, **https://www.gov.uk/government/publications/celebrating-bonfire-night** 'ਤੇ ਜਾਓ।

ਘਰ ਵਿੱਚ, ਤੁਸੀਂ:

- ਬੱਚਿਆਂ ਲਈ ਰੰਗ-ਬਿਰੰਗੇ ਸ਼ੇਕਰ ਬਣਾ ਸਕਦੇ ਹੋ। ਬਣਾਉਣ ਦਾ ਤਰੀਕਾ ਸਿੱਖਣ ਲਈ **https://www.science-sparks.com/firework-in-a-glass** 'ਤੇ ਜਾਓ।
- ਘਰ ਦੇ ਬਣੇ ਪਿਨਯਾਟਾ (piñata) (ਸੁਆਦੀ ਚੀਜ਼ਾਂ ਨਾਲ ਭਰਿਆ ਰੰਗ-ਬਿਰੰਗਾ ਭਾਂਡਾ ਜਿਸਨੂੰ ਲਟਕਾਉਣ ਅਤੇ ਸੋਟੀਆਂ ਨਾਲ ਭੰਨ ਕੇ ਤੋੜਨ ਲਈ ਤਿਆਰ ਕੀਤਾ ਗਿਆ ਹੁੰਦਾ ਹੈ) ਨੂੰ ਪਲਾਸਟਿਕ-ਰਹਿਤ ਸੁਆਦੀ ਚੀਜ਼ਾਂ ਦੇ ਨਾਲ ਭਰੋ।
- ਪਲਾਸਟਿਕ-ਰਹਿਤ ਫੁਲਝੜੀਆਂ ਵਰਤੋ।

ਕੀ ਤੁਹਾਨੂੰ ਪਤਾ ਸੀ?
ਆਤਿਸ਼ਬਾਜ਼ੀ ਵਿੱਚ ਬਹੁਤ ਸਾਰਾ ਪਲਾਸਟਿਕ ਹੁੰਦਾ ਹੈ - ਉੱਪਰਲੇ ਸਿਰਿਆਂ ਵਿੱਚ ਜਿੱਥੇ ਰੰਗ ਪ੍ਰਦਾਨ ਕਰਨ ਵਾਲੇ ਰਸਾਇਣ ਹੁੰਦੇ ਹਨ, ਫਿਊਜ਼ ਕੈਪ ਵਿੱਚ, ਅਤੇ ਬਣਤਰ ਦੇ ਹਰ ਤਰ੍ਹਾਂ ਦੇ ਹਿੱਸੇ ਵਿੱਚ।

Environment Agency
EcoSikh UK
Interreg France (Channel Manche) England
European Regional Development Fund
PREVENTING PLASTIC POLLUTION

ਅਸੀਂ ਜਿਹਨਾਂ ਵਿਭਿੰਨ ਭਾਈਚਾਰਿਆਂ ਦੀ ਸੇਵਾ ਕਰਦੇ ਹਾਂ ਉਹਨਾਂ ਨੂੰ ਦਰਸਾਉਣ ਵਾਲੀਆਂ ਸੰਮਿਲਿਤ ਸਮੱਗਰੀਆਂ ਦੀ ਇੱਕ ਲੜੀ ਦੇ ਹਿੱਸੇ ਵਜੋਂ, ਇਹ ਪ੍ਰਚਾਰ ਸਮੱਗਰੀ ਵਾਤਾਵਰਣ ਏਜੰਸੀ (Environment Agency) ਦੁਆਰਾ ਆਪਣੀ ਅੰਦਰੂਨੀ ਸਿੱਖ ਫੈਲੋਸ਼ਿਪ (Sikh Fellowship) ਅਤੇ ਈਕੋਸਿੱਖ ਯੂਕੇ (EcoSikh UK) ਦੇ ਨਾਲ, ਇੰਟਰਰੀਜ਼ ਪ੍ਰੀਵੈਂਟਿੰਗ ਪਲਾਸਟਿਕ ਪਲਿਊਸ਼ਨ (Interreg Preventing Plastic Pollution) ਪ੍ਰੋਗਰਾਮ ਲਈ ਤਿਆਰ ਕੀਤੀ ਗਈ ਹੈ।